**ਤੁਹਾਡੇ ਬੱਚੇ ਲਈ ਪ੍ਰੀ-ਸਕੂਲ ਦੇ ਫ਼ਾਇਦੇ**

**ਅਤੇ**

**ਪ੍ਰਾਇਮਰੀ ਸਕੂਲ ਵਿੱਚ ਜਾਣਾ।**

ਇਸ ਕਿਤਾਬਚੇ ਦਾ ਉਦੇਸ਼ ਆਇਰਲੈਂਡ ਵਿੱਚ ਰਹਿਣ ਵਾਲੇ ਇਮੀਗ੍ਰੈਂਟ ਪਰਿਵਾਰਾਂ ਨੂੰ ਪ੍ਰੀ-ਸਕੂਲ ਬਾਰੇ ਅਤੇ ਇਹਨਾਂ ਸੇਵਾਵਾਂ ਦੀ ਵਰਤੋਂ ਦੇ ਨਤੀਜੇ ਵੱਜੋਂ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਲਈ ਫ਼ਾਇਦਿਆਂ ਬਾਰੇ ਸੂਚਿਤ ਕਰਨਾ ਹੈ। ਇਹਨਾਂ ਸੇਵਾਵਾਂ ਦੇ ਵੱਖ-ਵੱਖ ਨਾਮ ਹੋ ਸਕਦੇ ਹਨ ਜਿਵੇਂ ਕਿ ਪ੍ਰੀ-ਸਕੂਲ, ਪਲੇਗਰੁੱਪ, ਕਿੰਡਰਗਾਰਟਨ, ਮੋਨਟੇਸਰੀ ਅਤੇ ਨਾਇਓਨਰਾ (naíonra) ਅਤੇ ਆਮ ਤੌਰ 'ਤੇ ਇਹ 3 – 4 ਸਾਲ ਦੇ ਬੱਚਿਆਂ ਨੂੰ ਸੇਵਾਵਾਂ ਦਿੰਦੇ ਹਨ। ਕਿਤਾਬਚੇ ਦਾ ਦੂਜਾ ਹਿੱਸਾ ਆਇਰਲੈਂਡ ਵਿੱਚ ਸਿੱਖਿਆ ਦੇ ਪ੍ਰਾਇਮਰੀ ਸਕੂਲ ਪੱਧਰ ਬਾਰੇ ਜਾਣਕਾਰੀ ਦਿੰਦਾ ਹੈ ਤਾਂ ਜੋ ਇਸ ਬਦਲੀ ਵਿੱਚ ਇਮੀਗ੍ਰੈਂਟ ਪਰਿਵਾਰਾਂ ਦੀ ਸਹਾਇਤਾ ਕੀਤੀ ਜਾ ਸਕੇ।

**ਸ਼ੁਰੂਆਤੀ ਬਚਪਨ**

ਸ਼ੁਰੂਆਤੀ ਬਚਪਨ ਕਿਸੇ ਬੱਚੇ ਦੀ ਜ਼ਿੰਦਗੀ ਵਿੱਚ ਸੱਚਮੁਚ ਮਹੱਤਵਪੂਰਨ ਅਤੇ ਜੋਸ਼ ਭਰਿਆ ਹੁੰਦਾ ਹੈ, ਜਦੋਂ ਉਹ ਆਪਣੇ ਬਾਰੇ, ਦੂਜਿਆਂ ਬਾਰੇ ਅਤੇ ਉਹਨਾਂ ਦੀ ਆਸ-ਪਾਸ ਦੀ ਦੁਨੀਆਂ ਬਾਰੇ ਬਹੁਤ ਕੁਝ ਸਿੱਖਦੇ ਹਨ।

ਜਿਹੜੇ ਮਾਪੇ ਮੁੱਖ ਤੌਰ 'ਤੇ ਆਪਣੇ ਬੱਚਿਆਂ ਦੀ ਦੇਖਭਾਲ ਕਰਦੇ ਹਨ ਉਹ ਖੋਜ ਅਤੇ ਪੜ੍ਹਾਈ ਦੇ ਇਸ ਸਫਰ ਵਿੱਚ ਆਪਣੇ ਬੱਚਿਆਂ ਦੀ ਮਦਦ ਕਰਦੇ ਹਨ।

ਕੁਝ ਬੱਚਿਆਂ ਲਈ, ਪ੍ਰੀ-ਸਕੂਲ ਬੱਚੇ ਲਈ ਆਪਣੇ ਮਾਪਿਆਂ ਤੋਂ ਦੂਰ ਰਹਿਣ ਅਤੇ ਕਿਸੇ ਸੰਗਠਿਤ/ਯੋਜਨਾਬੱਧ ਪੜ੍ਹਾਈ ਦੇ ਮਾਹੌਲ ਵਿੱਚ ਸਮੂਹ ਦਾ ਹਿੱਸਾ ਬਣਨ ਦਾ ਪਹਿਲਾ ਅਨੁਭਵ ਹੋ ਸਕਦਾ ਹੈ।

ਪ੍ਰੀ-ਸਕੂਲ ਸੇਵਾਵਾਂ ਪ੍ਰੀ-ਸਕੂਲ ਦੇ ਬੱਚਿਆਂ ਨੂੰ ਕੁੱਲ ਮਿਲਾ ਕੇ ਪ੍ਰਤੀ ਸੈਸ਼ਨ 3.5 ਘੰਟਿਆਂ ਤਕ ਦਾ ਯੋਜਨਾਬੱਧ ਪ੍ਰੋਗਰਾਮ ਪੇਸ਼ ਕਰਦੀਆਂ ਹਨ। ਆਇਰਲੈਂਡ ਵਿੱਚ ਕਈ ਪ੍ਰੀ-ਸਕੂਲ ਸੇਵਾਵਾਂ ਕੋਲ ਖੇਡ, ਜਿਸ ਨੂੰ 'ਸੁਤੰਤਰ' ਖੇਡ ਵੀ ਕਿਹਾ ਜਾਂਦਾ ਹੈ, 'ਤੇ ਅਧਾਰਤ ਪ੍ਰੋਗਰਾਮ ਹੈ।

ਖੋਜ ਤੋਂ ਪਤਾ ਲੱਗਾ ਹੈ ਕਿ ਖੇਡ ਸਾਰੇ ਬੱਚਿਆਂ ਦੀ ਜ਼ਰੂਰੀ ਲੋੜ ਹੈ ਅਤੇ ਜਿਨ੍ਹਾਂ ਬੱਚਿਆਂ ਨੂੰ ਖੇਡ ਰਾਹੀਂ ਖੁਦ ਨੂੰ ਪ੍ਰਗਟਾਉਣ ਦੇ ਲੋੜੀਂਦੇ ਮੌਕੇ ਨਹੀਂ ਮਿਲਦੇ ਹਨ ਹੋ ਸਕਦਾ ਹੈ ਕਿ ਉਹ ਆਪਣੀ ਪੂਰੀ ਸਮਰੱਥਾ ਤਕ ਪਹੁੰਚਣ ਲਈ ਸਾਰੇ ਹੁਨਰ ਵਿਕਸਿਤ ਨਾ ਕਰ ਸਕਣ।

**ਭਾਗ ਇੱਕ: ਪ੍ਰੀ-ਸਕੂਲ ਦੇ ਫ਼ਾਇਦੇ**

ਹੁਣ ਇਹ ਪਤਾ ਹੈ ਕਿ ਚੰਗੀ ਕੁਆਲਿਟੀ ਦੀ ਪ੍ਰੀ-ਸਕੂਲ ਸੇਵਾ ਵਿੱਚ ਜਾਣ ਨਾਲ ਤੁਹਾਡੇ ਬੱਚੇ ਨੂੰ ਕਈ ਫ਼ਾਇਦੇ ਹੋ ਸਕਦੇ ਹਨ।

ਇਹ ਫ਼ਾਇਦੇ ਬਹੁਤ ਤਰ੍ਹਾਂ ਦੇ ਹੋ ਸਕਦੇ ਹਨ ਜਿਨ੍ਹਾਂ ਵਿੱਚ ਤੁਹਾਡੇ ਬੱਚੇ ਦੇ ਸਮਾਜਕ, ਬੌਧਿਕ, ਭਾਵਨਾਤਮਕ, ਭਾਸ਼ਾ ਸਬੰਧੀ ਅਤੇ ਸਰੀਰਕ ਵਿਕਾਸ ਸ਼ਾਮਲ ਹਨ। ਚੰਗਾ ਪ੍ਰੀ-ਸਕੂਲ ਬੱਚਿਆਂ ਨੂੰ ਇਹਨਾਂ ਵਿੱਚੋਂ ਹਰ ਇੱਕ ਖੇਤਰ ਵਿੱਚ ਵਿਕਾਸ ਕਰਨ ਦਾ ਮੌਕਾ ਪੇਸ਼ ਕਰ ਸਕਦਾ ਹੈ।

**ਸਮਾਜਕ ਵਿਕਾਸ**
ਬੱਚੇ ਦੂਜੇ ਬੱਚਿਆਂ ਅਤੇ ਵੱਡਿਆਂ ਦੇ ਨਾਲ ਮਿਲਣਾ-ਜੁਲਣਾ ਅਤੇ ਦੂਜਿਆਂ ਨਾਲ ਆਦਰ ਭਰਿਆ ਵਿਹਾਰ ਕਰਨਾ ਸਿੱਖਦੇ ਹਨ। ਉਹ ਇਹ ਵੀ ਕਰਦੇ ਹਨ:

- ਮਸਤੀ ਕਰਨੀ ਅਤੇ ਨਵੇਂ ਦੋਸਤ ਬਣਾਉਣੇ
- ਦੂਜਿਆਂ ਨਾਲ ਗੱਲਾਂ ਸਾਂਝੀਆਂ ਕਰਕੇ, ਦੂਜਿਆਂ ਦਾ ਖਿਆਲ ਰੱਖ ਕੇ ਅਤੇ ਅਸਹਿਮਤੀਆਂ ਨੂੰ ਹੱਲ ਕਰਕੇ ਸਮੂਹ ਦਾ ਹਿੱਸਾ ਬਣਨ ਲਈ ਵਿਵਸਥਿਤ ਹੋਣਾ

**ਬੌਧਿਕ ਵਿਕਾਸ**

ਬੱਚੇ ਵਿਚਾਰ ਵਿਕਸਿਤ ਕਰਕੇ, ਸਮੱਸਿਆਵਾਂ ਹੱਲ ਕਰਕੇ ਅਤੇ ਖੁਦ ਨੂੰ ਪ੍ਰਗਟਾ ਕੇ ਆਪਣੇ ਮਨ ਨੂੰ ਵਰਤਣਾ ਸਿੱਖਦੇ ਹਨ। ਉਹ ਇਹ ਵੀ ਕਰਦੇ ਹਨ:

- ਚੋਣਾਂ ਕਰਨੀਆਂ ਅਤੇ ਖੇਡ ਦੇ ਦੁਆਰਾ ਕੁਦਰਤੀ ਤਰੀਕੇ ਨਾਲ ਸਿੱਖਣਾ
- ਆਪਣੀ ਕਲਪਨਾ ਅਤੇ ਰਚਨਾਤਮਕਤਾ ਨੂੰ ਵਿਕਸਿਸ ਕਰਨਾ
- ਗਣਿਤ ਅਤੇ ਰੀਡਿੰਗ ਦੇ ਸ਼ੁਰੂਆਤੀ ਹੁਨਰ ਵਿਕਸਿਤ ਕਰਨੇ
- ਖੁਦ ਬਾਰੇ ਅਤੇ ਦੂਜਿਆਂ ਬਾਰੇ ਸਿੱਖਣਾ; ਸਮਾਨਤਾਵਾਂ ਅਤੇ ਅੰਤਰ

**ਭਾਵਨਾਤਮਕ ਵਿਕਾਸ**
ਬੱਚੇ ਮਹਿਸੂਸ ਕਰਨ ਅਤੇ ਭਾਵਨਾਵਾਂ ਬਾਰੇ ਸਿੱਖਦੇ ਹਨ। ਉਹ ਇਹ ਵੀ ਕਰਦੇ ਹਨ:

- ਆਪਣੇ ਪਰਿਵਾਰਾਂ ਤੋਂ ਦੂਰ ਸਮਾਂ ਬਿਤਾਉਣ ਬਾਰੇ ਵਿਵਸਥਿਤ ਹੋਣਾ
- ਆਪਣੀ ਸੁਤੰਤਰਤਾ ਅਤੇ ਸਵੈ-ਮਦਦ ਦੇ ਹੁਨਰ ਵਿਕਸਿਤ ਕਰਨੇ
- ਰੁਨੀਨ ਅਤੇ ਇਸ ਤੋਂ ਸੁਰੱਖਿਆ ਦੀ ਭਾਵਨਾ ਨੂੰ ਮਹਿਸੂਸ ਕਰਨਾ

**ਭਾਸ਼ਾ ਸਬੰਧੀ ਵਿਕਾਸ**
ਜਿਵੇਂ-ਜਿਵੇਂ ਬੱਚਿਆਂ ਦੇ ਭਾਸ਼ਾ ਸਬੰਧੀ ਹੁਨਰ ਵਿਕਸਿਤ ਹੁੰਦੇ ਹਨ, ਉਹ ਸ਼ਬਦਾਂ, ਸ਼ਬਦ ਸਮੂਹਾਂ, ਅਤੇ ਅੰਤ ਵਿੱਚ ਵਾਕਾਂ ਦੀ ਵਰਤੋਂ ਕਰਦੇ ਹੋਏ ਦੂਜਿਆਂ ਨਾਲ ਗੱਲਬਾਤ ਕਰਨੀ ਸਿੱਖਦੇ ਹਨ। ਉਹ ਇਹ ਵੀ ਕਰਦੇ ਹਨ:

- ਸੁਣਨ, ਸ਼ੁਰੂਆਤੀ ਰੀਡਿੰਗ ਅਤੇ ਰਾਈਟਿੰਗ ਦੇ ਹੁਨਰ ਸਿੱਖਣੇ
- ਗੱਲਬਾਤ ਵਿੱਚ ਗੈਰ ਮੌਖਿਕ ਭਾਸ਼ਾ ਦੀ ਵਰਤੋਂ ਕਰਨੀ ਸਿੱਖਣੀ
- ਸਿੱਖਣਾ ਕਿ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਖੁਦ ਨੂੰ ਕਿਵੇਂ ਪ੍ਰਗਟ ਕਰਨਾ ਹੈ
- ਵਾਧੂ ਭਾਸ਼ਾ ਦੇ ਰੂਪ ਵਿੱਚ ਅੰਗ੍ਰੇਜ਼ੀ ਸਿੱਖਣੀ

**ਸਰੀਰਕ ਵਿਕਾਸ**
ਜਿਵੇਂ-ਜਿਵੇਂ ਬੱਚੇ ਵੱਡੇ ਹੁੰਦੇ ਹਨ ਉਹ ਆਪਣੇ ਸਰੀਰ ਨੂੰ ਨਵੇਂ ਤਰੀਕੇ ਨਾਲ ਵਰਤਣ ਸਿੱਖਦੇ ਹਨ। ਉਹ ਇਹ ਵੀ ਕਰਦੇ ਹਨ:

- ਆਪਣੇ ਸਰੀਰ ਅਤੇ ਹਰਕਤਾਂ 'ਤੇ ਵਧੇਰੇ ਨਿਯੰਤ੍ਰਣ ਹਾਸਲ ਕਰਨਾ
- ਆਪਣੀ ਸਰੀਰਕ ਚੁਸਤੀ ਅਤੇ ਸਿਹਤ ਅਤੇ ਤੰਦਰੁਸਤੀ ਵਿਕਸਿਤ ਕਰਨੀ

ਪ੍ਰੀ-ਸਕੂਲ ਸੇਵਾ ਵਿੱਚ ਜਾਣ ਨਾਲ ਮਾਪਿਆਂ ਅਤੇ ਉਹਨਾਂ ਦੇ ਬੱਚੇ ਦੋਵਾਂ ਲਈ ਪ੍ਰਾਇਮਰੀ ਸਕੂਲ ਵਿੱਚ ਬਦਲੀ ਕਰਨਾ ਵੀ ਸੌਖਾ ਹੋਵੇਗਾ।

ਜਦੋਂ ਬੱਚੇ ਪ੍ਰੀ-ਸਕੂਲ ਵਿੱਚ ਜਾਂਦੇ ਹਨ ਤਾਂ ਮਾਪਿਆਂ ਅਤੇ ਉਹਨਾਂ ਦੇ ਬੱਚਿਆਂ ਲਈ ਹੋਰ ਵੀ ਫ਼ਾਇਦੇ ਹੁੰਦੇ ਹਨ, ਜਿਵੇਂ ਕਿ:

- ਦੂਜਿਆਂ ਨੂੰ ਮਿਲਣਾ, ਸੰਪਰਕ ਬਣਾਉਣੇ ਅਤੇ ਸਥਾਨਕ ਭਾਈਚਾਰੇ ਵਿੱਚ ਲਿੰਕ ਬਣਾਉਣੇ
- ਮਾਤਾ-ਪਿਤਾ ਦੇ ਕੰਮ ਅਤੇ ਦੂਜੇ ਵਿਸ਼ਿਆਂ ਦੇ ਸਬੰਧ ਵਿੱਚ ਸਮਰਥਨ ਅਤੇ ਜਾਣਕਾਰੀ ਪ੍ਰਾਪਤ ਕਰਨੀ
- ਕੰਮ, ਸਿਖਲਾਈ ਅਤੇ ਸਿੱਖਿਆ ਵਿੱਚ ਜਾਣਾ

## ਪ੍ਰੀ-ਸਕੂਲ ਵਿੱਚ ਵਾਧੂ ਭਾਸ਼ਾ ਦੇ ਰੂਪ ਵਿੱਚ ਅੰਗ੍ਰੇਜ਼ੀ ਸਿੱਖਣੀ

ਵੱਖ-ਵੱਖ ਤਰੀਕੇ ਹਨ ਜਿਨ੍ਹਾਂ ਨਾਲ ਬੱਚੇ ਕੋਈ ਵਾਧੂ ਭਾਸ਼ਾ ਸਿੱਖਦੇ ਹਨ ਅਤੇ ਇਹ ਪ੍ਰੀ-ਸਕੂਲ ਜਾਣ ਦੇ ਦੌਰਾਨ ਪੜਾਵਾਂ ਵਿੱਚ ਹੋ ਸਕਦਾ ਹੈ। ਇਹਨਾਂ ਪੜਾਵਾਂ ਵਿੱਚ ਸ਼ਾਮਲ ਹਨ:

- ਨਵੀਂ ਭਾਸ਼ਾ ਦੇ ਮਾਹੌਲ ਵਿੱਚ ਬੱਚੇ ਦੁਆਰਾ ਆਪਣੀ ਘਰ ਦੀ ਭਾਸ਼ਾ ਨੂੰ ਵਰਤਣਾ ਜਾਰੀ ਰੱਖਣਾ
- ਗੈਰ ਮੌਖਿਕ ਭਾਸ਼ਾ ਦੀ ਵਰਤੋਂ, ਉਦਾਹਰਨ ਲਈ ਸਿਰ ਹਿਲਾ ਕੇ ਹਾਂ ਕਰਨਾ, ਉਂਗਲੀ ਨਾਲ ਇਸ਼ਾਰਾ ਕਰਨਾ, ਸਿਰ ਹਿਲਾ ਕੇ ਮਨ੍ਹਾਂ ਕਰਨਾ, ਛੂਹਣਾ ਅਤੇ ਅੱਖਾਂ ਨਾਲ ਸੰਪਰਕ
- ਮੌਨ ਦੀ ਮਿਆਦ ਜਦੋਂ ਬੱਚੇ ਬਿਲਕੁਲ ਵੀ ਗੱਲ ਨਹੀਂ ਕਰਦੇ ਹਨ - ਬੱਚੇ ਨਵੀਂ ਭਾਸ਼ਾ ਸਿੱਖ ਰਹੇ ਹਨ ਅਤੇ ਇਸ ਭਾਸ਼ਾ ਦੀ ਆਪਣੀ ਸਮਝ ਵਧਾ ਰਹੇ ਹਨ

- ਦੁਹਰਾਏ ਜਾਣ ਵਾਲੇ ਸ਼ਬਦਾਂ ਅਤੇ ਵਾਕਾਂਸ਼ਾਂ ਦੀ ਵਰਤੋਂ, ਅਤੇ ਭਾਸ਼ਾ ਕਿਸਮ ਦੀ ਖੇਡ
- ਰੋਜ਼ਾਨਾ ਰੁਟੀਨ ਦੇ ਨਾਲ ਜੁੜੇ ਸ਼ਬਦਾਂ, ਵਾਕਾਂਸ਼ਾਂ ਅਤੇ ਪ੍ਰਸ਼ਨਾਂ ਦੀ ਵਰਤੋਂ
- ਸਬੰਧਤ ਮਤਲਬ ਦੇ ਨਾਲ ਲੰਬੇ ਸ਼ਬਦਾਂ ਦੀ ਵਰਤੋਂ, ਅਜੇ ਵੀ ਵਿਆਕਰਣ ਦੀਆਂ ਗਲਤੀਆਂ ਹੋ ਸਕਦੀਆਂ ਹਨ

ਖੋਜ ਦਿਖਾਉਂਦੀ ਹੈ ਕਿ ਬੱਚਿਆਂ ਲਈ ਆਪਣੀ ਪਹਿਲੀ/ਘਰ ਦੀ ਭਾਸ਼ਾ ਨੂੰ ਵਿਕਿਸਤ ਕਰਨਾ ਜਾਰੀ ਰੱਖਣ ਦਾ ਮੌਕਾ ਮਿਲਣਾ ਮਹੱਤਵਪੂਰਨ ਹੈ ਕਿਉਂਕਿ ਇਸ ਨਾਲ ਦੂਜੀ ਭਾਸ਼ਾ ਸਿੱਖਣ ਵਿੱਚ ਮਦਦ ਮਿਲਦੀ ਹੈ।

(Supporting Identity, Diversity and Language in the Early Years (ਸ਼ੁਰੂਆਤੀ ਸਾਂਲਾਂ ਵਿੱਚ ਪਛਾਣ, ਵਿਭਿੰਨਤਾ ਅਤੇ ਭਾਸ਼ਾ ਨੂੰ ਸਮਰਥਨ ਦੇਣਾ), 2000, Siraj-Blatchford and P.Clarke)

### ਕੋਈ ਪ੍ਰੀ-ਸਕੂਲ ਲੱਭਣਾ

ਕਾਨੂੰਨ ਦੇ ਅਨੁਸਾਰ ਪ੍ਰੀ-ਸਕੂਲਾਂ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਹੈਲਥ ਸਰਵਿਸ ਐਗਜ਼ੀਕਿਉਟਿਵ (HSE) ਨੂੰ ਸੂਚਿਤ ਕਰਨ ਦੀ ਲੋੜ ਹੁੰਦੀ ਹੈ। ਬਾਲ ਦੇਖਭਾਲ ਕਾਨੂੰਨ ਦੇ ਅਧੀਨ ਸੇਵਾਵਾਂ ਲਈ ਲਾਜ਼ਮੀ ਹੈ ਕਿ ਉਹ ਨਿਯਮਾਂ ਦੀ ਪਾਲਣਾ ਕਰਨ ਜਿਨ੍ਹਾਂ ਅਧੀਨ ਉਹਨਾਂ ਦੀ HSE ਪ੍ਰੀ-ਸਕੂਲ ਇਨਸਪੈਕਸ਼ਨ ਐਂਡ ਇਨਫਾਰਮੇਸ਼ਨ ਸਰਵਿਸ ਦੁਆਰਾ ਜਾਂਚ ਕੀਤੀ ਜਾਂਦੀ ਹੈ। ਤੁਸੀਂ ਆਪਣੇ ਸਥਾਨਕ ਸਿਟੀ/ਕਾਉਂਟੀ ਦੀ ਚਾਈਲਡਕੇਅਰ ਕਮੇਟੀ (ਬੱਚਿਆਂ ਦੀ ਦੇਖਭਾਲ ਬਾਰੇ ਕਮੇਟੀ) ਤੋਂ ਜਾਂ ਪ੍ਰੀ-ਸਕੂਲ ਇਨਸਪੈਕਸ਼ਨ ਐਂਡ ਇਨਫਾਰਮੇਸ਼ਨ ਸਰਵਿਸ ਤੋਂ HSE ਨੂੰ ਸੂਚਿਤ ਕੀਤੇ ਗਏ ਪ੍ਰੀ-ਸਕੂਲਾਂ ਦੀ ਸੂਚੀ ਲੈ ਸਕਦੇ ਹੋ। ਇਸ ਵਿੱਚ ਤੁਹਾਡੇ ਖੇਤਰ ਦੇ ਅੰਦਰ ਸੇਵਾਵਾਂ ਨਾਲ ਸੰਪਰਕ ਕਰਨ ਦੀ ਜਾਣਕਾਰੀ ਹੋਵੇਗੀ।

ਫ਼ੀਸਾਂ ਰੋਜ਼ਾਨਾ, ਹਫ਼ਤਾਵਾਰ ਜਾਂ ਮਹੀਨਾਵਾਰ ਅਧਾਰ 'ਤੇ ਲਈਆਂ ਜਾ ਸਕਦੀਆਂ ਹਨ, ਇਸ ਬਾਰੇ ਪ੍ਰੀ-ਸਕੂਲ ਵਿੱਚ ਸਟਾਫ਼ ਦੇ ਮੈਂਬਰ ਨਾਲ ਗੱਲਬਾਤ ਕੀਤੀ ਜਾਣੀ ਚਾਹੀਦੀ ਹੈ।

ਬੱਚਿਆਂ ਦੀ ਦੇਖਭਾਲ ਦੇ ਲਈ ਵਿੱਤੀ ਸਹਾਇਤਾ ਉਪਲਬਧ ਹੈ। ਵਿੱਤੀ ਸਹਾਇਤਾ ਬਾਰੇ ਜਾਣਕਾਰੀ ਲਈ ਆਪਣੇ ਸਥਾਨਕ ਪ੍ਰੀਸਕੂਲ ਜਾਂ ਸਥਾਨਕ ਸਿਟੀ/ਕਾਉਂਸਿਲ ਚਾਈਲਡਕੇਅਰ ਕਮੇਟੀ ਨਾਲ ਸੰਪਰਕ ਕਰੋ।

### ਸੁਰੱਖਿਆ ਅਤੇ ਕੁਆਲਿਟੀ

ਸਥਾਪਿਤ ਨਿਯਮ ਜਿਨ੍ਹਾਂ ਦੀ ਪ੍ਰੀ-ਸਕੂਲ ਸੇਵਾਵਾਂ ਨੂੰ ਲਾਜ਼ਮੀ ਤੌਰ 'ਤੇ ਪਾਲਣਾ ਕਰਨੀ ਚਾਹੀਦੀ ਹੈ, ਬੱਚਿਆਂ ਲਈ ਚੰਗੀ ਕੁਆਲਿਟੀ ਦਾ ਸੁਰੱਖਿਅਤ ਮਾਹੌਲ ਯਕੀਨੀ ਬਣਾਉਂਦੇ ਹਨ।

HSE ਦੀ ਪ੍ਰੀ-ਸਕੂਲ ਇਨਸਪੈਕਸ਼ਨ ਐਂਡ ਇਨਫਾਰਮੇਸ਼ਨ ਸਰਵਿਸ ਦੁਆਰਾ ਪ੍ਰੀ-ਸਕੂਲ ਸੇਵਾਵਾਂ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਉਹਨਾਂ ਨੂੰ ਜਾਰੀ ਰੱਖਣ ਲਈ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

**Síolta** - ਬਚਪਨ ਦੀ ਸ਼ੁਰੂਆਤੀ ਸਿੱਖਿਆ ਲਈ ਰਾਸ਼ਟਰੀ ਕੁਆਲਿਟੀ ਢਾਂਚਾ (National Quality Framework for Early Childhood Education) ਅਤੇ
**Aistear,** ਸ਼ੁਰੂਆਤੀ ਬਚਪਨ ਦੇ ਪਾਠਕ੍ਰਮ ਲਈ ਢਾਂਚਾ (Early Childhood Curriculum Framework) ਨਵੀਆਂ ਪਹਿਲਕਦਮੀਆਂ ਹਨ ਜੋ ਯਕੀਨੀ ਬਣਾਉਂਦੀਆਂ ਹਨ ਕਿ ਸਾਰੇ ਬੱਚਿਆਂ ਨੂੰ ਚੰਗੀ ਕੁਆਲਿਟੀ ਦੀਆਂ ਪ੍ਰੀ-ਸਕੂਲ ਸੇਵਾਵਾਂ ਮਿਲਣ।

ਇਹ ਪਹਿਲਕਦਮੀਆਂ ਬਰਾਬਰੀ ਅਤੇ ਪਛਾਣ ਅਤੇ ਸਬੰਧ ਦੇ ਮਹੱਤਵ ਨੂੰ ਤਰਜੀਹ ਦਿੰਦੀਆਂ ਹਨ ਜਿਨ੍ਹਾਂ ਵੱਲ ਬੱਚਿਆਂ ਦੀ ਦੇਖਭਾਲ ਵਿੱਚ ਧਿਆਨ ਦਿੱਤਾ ਜਾਂਦਾ ਹੈ ਅਤੇ ਇਹ ਮਜ਼ਬੂਤੀ ਨਾਲ **ਬਾਲ ਦੇਖਭਾਲ ਮੁਹੱਈਆ ਕਰਨ ਵਾਲਿਆਂ ਲਈ ਵਿਭਿੰਨਤਾ ਅਤੇ ਬਰਾਬਰੀ ਸਬੰਧੀ ਨਿਰਦੇਸ਼ (Diversity and Equality Guidelines for Childcare Providers)**, 2006 ਨਾਲ ਜੁੜੀਆਂ ਹੁੰਦੀਆਂ ਹਨ।

### ਪ੍ਰੀ-ਸਕੂਲ ਵਿੱਚ ਬੱਚਿਆਂ ਲਈ ਸਮਰਥਨ

ਜੇ ਤੁਹਾਡੇ ਬੱਚੇ ਨੂੰ ਅਸਮਰਥਤਾ ਹੈ, ਖਾਸ ਲੋੜਾਂ ਵਿੱਚ ਸਹਾਇਤਾ ਵਰਗੀਆਂ ਸਹਾਇਤਾ ਸੇਵਾਵਾਂ ਉਪਲਬਧ ਹੋ ਸਕਦੀਆਂ ਹਨ ਜਾਂ ਕੁਝ ਸੇਵਾਵਾਂ ਵਿੱਚ ਵਾਧੂ ਸਹੂਲਤਾਂ ਵੀ ਹੋ ਸਕਦੀਆਂ ਹਨ ਜੋ ਤੁਹਾਡੇ ਬੱਚੇ ਦੀਆਂ ਵਾਧੂ ਲੋੜਾਂ ਨੂੰ ਪੂਰਾ ਕਰ ਸਕਦੀਆਂ ਹਨ ਜਿਵੇਂ ਕਿ ਬਹੁ-ਸੰਵੇਦੀ ਕਮਰਾ।

ਖਾਸ ਲੋੜਾਂ ਵਿੱਚ ਸਹਾਇਤਾ ਬਾਰੇ ਜਾਣਕਾਰੀ ਜਾਂ ਪੁੱਛਗਿੱਛ ਲਈ ਕਲੇਅਰ ਚਿਲਡ੍ਰਨਜ਼ ਸਰਵਿਸਿਜ਼ ਜਾਂ ਆਪਣੀ ਸਥਾਨਕ ਡਿਸਏਬਿਲਿਟੀ ਸਰਵਿਸ ਨਾਲ ਸੰਪਰਕ ਕਰੋ।

### ਪ੍ਰੀ-ਸਕੂਲ ਕੈਲੰਡਰ

ਸੇਵਾ 'ਤੇ ਨਿਰਭਰ ਕਰਦੇ ਹੋਏ ਪ੍ਰੀ-ਸਕੂਲ ਵਰ੍ਹਾ ਸਤੰਬਰ ਤੋਂ ਜੂਨ ਤਕ 38 ਹਫ਼ਤਿਆਂ ਲਈ ਅਤੇ ਕੁਝ ਮਾਮਲਿਆਂ ਵਿੱਚ ਪੂਰੇ ਸਾਲ ਲਈ 50 ਹਫ਼ਤੇ ਤਕ ਚਲ ਸਕਦਾ ਹੈ।

## ਪ੍ਰਾਇਮਰੀ ਸਕੂਲ ਵਿੱਚ ਬਦਲੀ ਕਰਨੀ

### ਪ੍ਰਾਇਮਰੀ ਸਕੂਲ ਵਿੱਚ ਸ਼ੁਰੂ ਕਰਨਾ

ਆਇਰਲੈਂਡ ਵਿੱਚ ਪ੍ਰਾਇਮਰੀ ਸਕੂਲ ਸ਼ੁਰੂ ਕਰਨ ਦੀ ਕਾਨੂੰਨੀ ਉਮਰ ਛੇ ਸਾਲ ਹੈ ਪਰ ਕਈ ਮਾਪੇ ਆਪਣੇ ਬੱਚਿਆਂ ਨੂੰ ਚਾਰ ਅਤੇ ਪੰਜ ਸਾਲ ਦੇ ਵਿਚਕਾਰ ਭੇਜਣਾ ਪਸੰਦ ਕਰਦੇ ਹਨ। ਬੱਚੇ ਅੱਠ ਸਾਲਾਂ ਲਈ ਪ੍ਰਾਇਮਰੀ ਸਕੂਲ ਵਿੱਚ ਜਾਂਦੇ ਹਨ।

ਜੇ ਤੁਹਾਡਾ ਪਰਿਵਾਰ ਆਇਰਲੈਂਡ ਵਿੱਚ ਨਵਾਂ ਹੈ, ਭਾਵੇਂ ਸ਼ਰਣ ਮੰਗ ਰਿਹਾ ਹੋਵੇ, ਰਿਫਊਜੀ ਹੋਵੇ ਜਾਂ ਮਾਈਗ੍ਰੈਂਟ ਕਾਮੇ ਹੋਣ, ਤੁਹਾਡੇ ਬੱਚੇ ਕੋਲ ਸਿੱਖਿਆ ਦੇ ਉਹੀ ਹੱਕ ਹਨ ਜੋ ਆਇਰਲੈਂਡ ਵਿੱਚ ਜਨਮੇ ਬੱਚਿਆਂ ਦੇ ਹਨ।

ਆਇਰਲੈਂਡ ਵਿੱਚ ਪ੍ਰਾਇਮਰੀ ਸਕੂਲ ਸਿੱਖਿਆ ਮੁਫ਼ਤ ਹੈ ਜਦ ਤਕ ਕਿ ਤੁਹਾਡਾ ਪਰਿਵਾਰ ਨਿੱਜੀ ਤੌਰ 'ਤੇ ਚਲਾਏ ਜਾ ਰਹੇ ਸਕੂਲ ਵਿੱਚ ਨਹੀਂ ਜਾਂਦਾ ਹੈ। ਸ਼ਬਦ 'ਰਾਸ਼ਟਰੀ ਸਕੂਲ' ਨੂੰ ਸਿੱਖਿਆ ਦੀ ਕਿਸਮ ਦਾ ਵਰਣਨ ਕਰਨ ਲਈ ਵੀ ਵਰਤਿਆ ਜਾਂਦਾ ਹੈ।

ਪ੍ਰਾਇਮਰੀ ਸਕੂਲ ਵਿੱਚ ਬੱਚਾ ਜਿਸ ਪਹਿਲੀ ਕਲਾਸ ਵਿੱਚ ਜਾਏਗਾ ਉਸ ਨੂੰ ਜੂਨਿਅਰ ਇਨਫੈਂਟਸ ਕਿਹਾ ਜਾਂਦਾ ਹੈ, ਉਸ ਤੋਂ ਬਾਅਦ ਆਉਂਦੀਆਂ ਹਨ:

- ਸੀਨਿਅਰ ਇਨਫੈਂਟਸ
- ਪਹਿਲੀ ਕਲਾਸ
- ਦੂਜੀ ਕਲਾਸ
- ਤੀਜੀ ਕਲਾਸ
- ਚੌਥੀ ਕਲਾਸ
- ਪੰਜਵੀ ਕਲਾਸ
- ਛੇਵੀਂ ਕਲਾਸ

ਇਨਫੈਂਟਸ ਕਲਾਸਾਂ ਆਮ ਤੌਰ 'ਤੇ ਸਵੇਰੇ 9 ਤੋਂ ਦੁਪਹਿਰ 2 ਵਜੇ ਦੇ ਵਿਚਕਾਰ ਲਗਭਗ 4 ਤੋਂ 4.5 ਘੰਟੇ ਤਕ ਚਲਦੀਆਂ ਹਨ।

ਇਹ ਮਹੱਤਵਪੂਰਨ ਹੈ ਕਿ ਆਪਣੇ ਬੱਚੇ ਨੂੰ ਰਜਿਸਟਰ ਕਰਨ ਲਈ ਤੁਹਾਡੇ ਬੱਚੇ ਲਈ ਪ੍ਰਸਤਾਵਿਤ ਮਿਤੀ ਤੋਂ ਪਹਿਲਾਂ ਸਮਾਂ ਰਹਿੰਦੇ ਫਾਰਮ ਲੈਣ ਲਈ ਆਪਣੀ ਪਸੰਦ ਦੇ ਸਕੂਲ ਨਾਲ ਸੰਪਰਕ ਕੀਤਾ ਜਾਵੇ।

### ਪ੍ਰਾਇਮਰੀ ਸਿੱਖਿਆ ਦੀਆਂ ਕਿਸਮਾਂ

ਆਇਰਲੈਂਡ ਵਿੱਚ ਵੱਖ-ਵੱਖ ਕਿਸਮਾਂ ਦੀ ਪ੍ਰਾਇਮਰੀ ਸਕੂਲ ਸਿੱਖਿਆ ਉਪਲਬਧ ਹੈ ਪਰ ਇਹਨਾਂ ਸਕੂਲਾਂ ਦੀ ਉਪਲਬਧਤਾ ਸਥਾਨ 'ਤੇ ਨਿਰਭਰ ਕਰੇਗੀ। ਜ਼ਿਆਦਾਤਰ ਪ੍ਰਾਇਮਰੀ ਸਕੂਲ ਸਿੱਖਿਆ ਲਈ ਫੰਡ ਸਰਕਾਰ ਵੱਲੋਂ ਦਿੱਤਾ ਜਾਂਦਾ ਹੈ ਅਤੇ ਇਸ ਨੂੰ ਚਰਚ ਅਥਾਰਿਟੀਆਂ ਦੁਆਰਾ ਚਲਾਇਆ ਜਾਂਦਾ ਹੈ ਅਤੇ ਉਹ ਹੀ ਇਸ ਦੀਆਂ ਮਾਲਕ ਹੁੰਦੀਆਂ ਹਨ ਜਿਵੇਂ ਕਿ ਰੋਮਨ ਕੈਥਲਿਕ ਅਤੇ ਚਰਚ ਆਫ਼ ਆਇਰਲੈਂਡ ਅਤੇ ਬਹੁ-ਸੰਪਰਦਾ ਸਕੂਲ (ਜਿਵੇਂ ਕਿ ਐਜੂਕੇਟ ਸਕੂਲ) ਅਤੇ ਆਇਰਿਸ਼ ਭਾਸ਼ਾ ਦੇ ਸਕੂਲ (Gael Scoileanna)। ਇਸ ਸਮੇਂ (2010) ਆਇਰਲੈਂਡ ਵਿੱਚ ਦੋ ਮੁਸਲਿਮ ਸਕੂਲ ਹਨ ਜੋ ਡਬਲਿਨ ਵਿੱਚ ਸਥਿਤ ਹਨ। ਕੁਝ ਖੇਤਰਾਂ ਵਿੱਚ ਅਸਮਰਥਤਾਵਾਂ ਵਾਲੇ ਵਿਦਿਆਰਥੀਆਂ ਲਈ ਵੱਖਰੇ ਸਕੂਲ ਵੀ ਹਨ ਜਿਨ੍ਹਾਂ ਨੂੰ 'ਸਪੈਸ਼ਲ ਸਕੂਲ' ਕਿਹਾ ਜਾਂਦਾ ਹੈ।

ਜਿਨ੍ਹਾਂ ਸਕੂਲਾਂ ਨੂੰ ਧਾਰਮਿਕ ਸਮੂਹਾਂ ਦੁਆਰਾ ਚਲਾਇਆ ਜਾਂਦਾ ਹੈ ਉਹ ਆਮ ਤੌਰ 'ਤੇ ਦੂਜੇ ਵਿਸ਼ਵਾਸਾਂ/ਧਰਮਾਂ ਤੋਂ ਸਕੂਲਾਂ ਵਿੱਚ ਜਾ ਰਹੇ ਬੱਚਿਆਂ ਲਈ ਖੁੱਲ੍ਹੇ ਹੁੰਦੇ ਹਨ; ਪਰ ਕੁਝ ਸਥਾਨਾਂ 'ਤੇ ਉਹਨਾਂ ਬੱਚਿਆਂ ਨੂੰ ਤਰਜੀਹ ਦਿੱਤੀ ਜਾ ਸਕਦੀ ਹੈ ਜਿਨ੍ਹਾਂ ਦਾ ਧਰਮ ਸਕੂਲ ਚਲਾਉਣ ਵਾਲੇ ਸਮੂਹ ਵਾਲਾ ਹੈ।

ਕਈ ਸਕੂਲ ਮਾਪਿਆਂ ਲਈ ਜਾਣਕਾਰੀ ਦੇ ਸੈਸ਼ਨ ਜਾਂ ਓਪਨ ਡੇ ਪੇਸ਼ ਕਰਦੇ ਹਨ ਤਾਂ ਜੋ ਉਹ ਸਕੂਲ ਬਾਰੇ ਜ਼ਿਆਦਾ ਜਾਣ ਸਕਣ ਅਤੇ ਪਤਾ ਕਰ ਸਕਣ ਕਿ ਇਹ ਬੱਚਿਆਂ ਲਈ ਕੀ ਪੇਸ਼ ਕਰਦਾ ਹੈ।

ਕੁਝ ਸਕੂਲਾਂ ਵਿੱਚ ਤੁਹਾਡੇ ਬੱਚੇ ਨੂੰ ਸਕੂਲ ਦੀ ਵਰਦੀ ਪਹਿਨਣੀ ਪਵੇਗੀ ਪਰ ਸਾਰੇ ਸਕੂਲਾਂ ਵਿੱਚ ਇਸਦੀ ਲੋੜ ਨਹੀਂ ਹੋਵੇਗੀ।

## ਕੋਈ ਪ੍ਰਾਇਮਰੀ ਸਕੂਲ ਜਾਂ ਖਾਸ ਸਕੂਲ ਲੱਭਣਾ

ਡਿਪਾਰਟਮੈਂਟ ਆਫ਼ ਐਜੂਕੇਸ਼ਨ ਐਂਡ ਸਕਿਲਸ ਦੀ ਇੱਕ ਵੈਬਸਾਈਟ ਹੈ ਜਿਸ ਵਿੱਚ ਦੇਸ਼ ਦੇ ਸਾਰੇ ਪ੍ਰਾਇਮਰੀ ਸਕੂਲਾਂ ਦੀ ਸੂਚੀ ਹੈ। www.education.ie/home ਦੇਖੋ ਜਾਂ 01 8896400 'ਤੇ ਫ਼ੋਨ ਕਰੋ।

## ਪ੍ਰਾਇਮਰੀ ਸਕੂਲ ਵਿੱਚ ਬੱਚਿਆਂ ਲਈ ਸਹਾਇਤਾ

ਜੇ ਲੋੜ ਹੋਵੇ ਤਾਂ ਸਕੂਲ ਦੀਆਂ ਕਿਤਾਬਾਂ ਅਤੇ ਸਕੂਲ ਦੀ ਵਰਦੀ ਲਈ ਉਪਲਬਧ ਗ੍ਰਾਂਟਾਂ ਬਾਰੇ ਸਕੂਲ ਤੋਂ ਜਾਣਕਾਰੀ ਮੰਗੋ।

ਸਕੂਲ ਜਾਣ 'ਤੇ ਤੁਹਾਡੇ ਬੱਚੇ ਨੂੰ ਹੋਮਵਰਕ ਕਰਨ ਦੀ ਲੋੜ ਹੋਵੇਗੀ ਅਤੇ ਕੁਝ ਸਕੂਲਾਂ ਦੇ ਹੋਮਵਰਕ ਜਾਂ ਆਫਟਰ ਸਕੂਲ ਕਲੱਬ ਹੋ ਸਕਦੇ ਹਨ। ਜੇ ਤੁਹਾਡੀਆਂ ਇਸ ਬਾਰੇ ਚਿੰਤਾਵਾਂ ਹਨ ਕਿ ਹੋਮਵਰਕ ਕਰਨ ਵਿੱਚ ਆਪਣੇ ਬੱਚੇ ਦੀ ਸਭ ਤੋਂ ਚੰਗੀ ਤਰ੍ਹਾਂ ਨਾਲ ਮਦਦ ਕਿਵੇਂ ਕਰਨੀ ਹੈ ਅਤੇ ਤੁਹਾਡੇ ਸਥਾਨਕ ਇਲਾਕੇ ਵਿੱਚ ਉਪਲਬਧ ਕਿਸੇ ਵੀ ਸਹਾਇਤਾ ਸੇਵਾਵਾਂ ਬਾਰੇ ਪਤਾ ਕਰਨ ਲਈ ਅਧਿਆਪਕਾਂ ਨਾਲ ਗੱਲ ਕਰੋ।

ਇੱਕ ਪੜ੍ਹਾਈ ਵਿੱਚ ਸਮਰਥਨ/ਸ੍ਰੋਤ ਅਧਿਆਪਕ ਦੀ ਸੇਵਾ ਆਮ ਤੌਰ 'ਤੇ ਸਾਰੇ ਪ੍ਰਾਇਮਰੀ ਸਕੂਲਾਂ ਵਿੱਚ ਉਪਲਬਧ ਹੁੰਦੀ ਹੈ। ਕੁਝ ਬੱਚਿਆਂ ਨੂੰ ਪਾਠਕ੍ਰਮ ਵਿੱਚ ਮੁਸ਼ਕਲ ਹੋ ਸਕਦੀ ਹੈ ਅਤੇ ਉਹਨਾਂ ਨੂੰ ਪੂਰਕ (ਵਾਧੂ) ਪੜ੍ਹਾਈ ਦੇ ਸਮੇਂ ਦੀ ਲੋੜ ਹੋ ਸਕਦੀ ਹੈ। ਇਹ ਵਾਧੂ ਪੜ੍ਹਾਈ ਵਿੱਚ ਸਮਰਥਨ ਅਧਿਆਪਕ (ਲਰਨਿੰਗ ਸਪੋਰਟ ਟੀਚਰ) ਦੁਆਰਾ ਮੁਹੱਈਆ ਕੀਤੀ ਜਾਂਦੀ ਹੈ।

ਵਿਸ਼ੇਸ਼ ਲੋੜਾਂ ਦੇ ਸਹਾਇਕ ਅਸਮਰਥਤਾਵਾਂ ਵਾਲੇ ਵਿਦਿਆਰਥੀਆਂ ਦੀ ਦੇਖਭਾਲ ਵਿੱਚ ਸਹਾਇਤਾ ਕਰ ਸਕਦੇ ਹਨ। ਉਹ ਤੁਹਾਡੇ ਬੱਚੇ ਵਾਸਤੇ ਪਾਰਟ-ਟਾਈਮ ਜਾਂ ਫੁਲ-ਟਾਈਮ ਦੇ ਅਧਾਰ 'ਤੇ ਉਪਲਬਧ ਹੋ ਸਕਦੇ ਹਨ।

ਵਿਸ਼ੇਸ਼ ਲੋੜਾਂ ਦੇ ਸਹਾਇਕ ਬਾਰੇ ਪਤਾ ਕਰਨ ਲਈ, ਤੁਹਾਨੂੰ ਆਪਣੇ ਸਥਾਨਕ ਵਿਸ਼ੇਸ਼ ਵਿੱਦਿਅਕ ਲੋੜਾਂ ਦੇ ਪ੍ਰਬੰਧਕ ਨਾਲ ਸੰਪਰਕ ਕਰਨ ਦੀ ਲੋੜ ਹੋਵੇਗੀ।

ਵਿਸ਼ੇਸ਼ ਵਿੱਦਿਅਕ ਲੋੜਾਂ ਦੇ ਪ੍ਰਬੰਧਕਾਂ ਦੀ ਸੂਚੀ ਨੈਸ਼ਨਲ ਕਾਉਂਸਿਲ ਫ਼ਾਰ ਸਪੈਸ਼ਲ ਐਜੂਕੇਸ਼ਨ ਦੀ ਵੈਬਸਾਈਟ www.ncse.ie 'ਤੇ ਉਪਲਬਧ ਹੈ

## ਸਕੂਲ ਦਾ ਕੈਲੰਡਰ

ਸਕੂਲੀ ਵਰ੍ਹਾ ਹਰ ਸਾਲ ਸਤੰਬਰ ਵਿੱਚ ਸ਼ੁਰੂ ਹੁੰਦਾ ਹੈ ਅਤੇ ਜੂਨ ਵਿੱਚ ਖ਼ਤਮ ਹੁੰਦਾ ਹੈ। ਸਕੂਲ ਕ੍ਰਿਸਮਸ, ਈਸਟਰ, ਮਿਡ ਟਰਮ ਬ੍ਰੇਕ, ਬੈਂਕ ਦੀਆਂ ਛੁੱਟੀਆਂ ਅਤੇ ਟੀਚਰ ਟ੍ਰੇਨਿੰਗ ਦੇ ਦਿਨਾਂ ਦੌਰਾਨ ਵੀ ਬੰਦ ਰਹੇਗਾ। ਕੁਝ ਸਕੂਲਾਂ ਦੀਆਂ ਇਮਾਰਤਾਂ ਨੂੰ ਸਥਾਨਕ ਚੋਣਾਂ ਲਈ ਵੀ ਵਰਤਿਆ ਜਾਂਦਾ ਹੈ ਇਸ ਲਈ ਚੋਣਾਂ ਦੇ ਦੌਰਾਨ ਇਹ ਬੰਦ ਰਹਿਣਗੇ।

## ਉਪਯੋਗੀ ਸੰਪਰਕ

- **ਕਲੇਅਰ ਕਾਉਂਟੀ ਚਾਈਲਡਕੇਅਰ ਕਮੇਟੀ (ਬਾਲ ਦੇਖਭਾਲ ਕਮੇਟੀ),** 1 Kilrush Road, Ennis, Co. Clare. ਟੈਲੀਫ਼ੋਨ: (065) 6864862, ਈਮੇਲ: info@clarechildcare.ie ਵੈਬਸਾਈਟ: www.clarechildcare.ie
- **ਕਲੇਅਰ ਚਿਲਡ੍ਰਨਜ਼ ਸਰਵਿਸਿਜ਼ (ਬੱਚਿਆਂ ਲਈ ਸੇਵਾਵਾਂ),** Lifford Road, Ennis, Co.Clare. ਟੈਲੀਫ਼ੋਨ: (065) 6863500, ਈਮੇਲ: ceis@mailh.hse.ie

- **ਕਲੇਅਰ ਇਮੀਗ੍ਰੇਂਟ ਸਪੋਰਟ ਗਰੁੱਪ (ਇਮੀਗ੍ਰੇਂਟਾਂ ਦੀ ਸਹਾਇਤਾ ਲਈ ਸਮੂਹ),** Unit 13, Carmody St Business Park Carmody St, Ennis, Co. Clare, ਸੰਪਰਕ ਕਰਨ ਲਈ ਵਿਅਕਤੀ: Orla Ní Eilí, ਟੈਲੀਫ਼ੋਨ: (065) 6822026 ਫ਼ੈਕਸ: (065) 6822017, ਈਮੇਲ: cisc@eircom.net
- **ਚਿਲਡ੍ਰਨਜ਼ ਰਾਈਟਸ ਅਲਾਇੰਸ (ਬੱਚਿਆਂ ਦੇ ਹੱਕਾਂ ਲਈ ਗੱਠਜੋੜ),** 4 Upper Mount Street, Dublin 2. ਟੈਲੀਫ਼ੋਨ: (01) 6629400, ਈਮੇਲ: info@childrensrights.ie ਵੈਬਸਾਈਟ: www.childrensrights.ie
- **ਡਿਪਾਰਟਮੇਂਟ ਆਫ਼ ਐਜੂਕੇਸ਼ਨ ਐਂਡ ਸਕਿਲਜ਼ (ਸਿੱਖਿਆ ਅਤੇ ਹੁਨਰਾਂ ਦਾ ਵਿਭਾਗ),** Head Office, Marlborough Street, Dublin 1. ਟੈਲੀਫ਼ੋਨ: (01) 8896400, ਵੈਬਸਾਈਟ: www.education.ie/home
- **EDENN,** (Equality and Diversity in Early Childhood National Network) (ਸ਼ੁਰੂਆਤੀ ਬਚਪਨ ਵਿੱਚ ਬਰਾਬਰੀ ਅਤੇ ਵਿਭਿੰਨਤਾ ਬਾਰੇ ਰਾਸ਼ਟਰੀ ਨੈਟਵਰਕ) – ਕੋਲੇਟ ਮੁਰੇ (Colette Murray) ਨਾਲ 0872976823 'ਤੇ ਸੰਪਰਕ ਕਰੋ
- **ਐਜੂਕੇਟ ਟੁਗੈਦਰ (ਮਿਲ ਕੇ ਪੜ੍ਹਾਓ),** ਪੂਰੇ ਆਇਰਲੈਂਡ ਵਿੱਚ ਐਜੂਕੇਟ ਟੁਗੈਦਰ ਸਕੂਲਾਂ ਅਤੇ ਐਸੋਸਿਏਸ਼ਨਾਂ ਦੀ ਪ੍ਰਤਿਨਿਧ ਸੰਗਠਨ। H8a Centrepoint, Oak Drive, Dublin 12. ਟੈਲੀਫ਼ੋਨ: (01) 429 2500, ਈਮੇਲ: info@educatetogether.ie ਵੈਬਸਾਈਟ: www.educatetogether.ie
- **ਇਕਵੈਲਿਟੀ ਅਥਾਰਿਟੀ (ਬਰਾਬਰੀ ਬਾਰੇ ਅਥਾਰਿਟੀ),** 2 Clonmel Street, Dublin 2. ਟੈਲੀਫ਼ੋਨ: LoCall 1890 245 545/ 01 4173333, ਈਮੇਲ: info@equality.ie ਵੈਬਸਾਈਟ: www.equality.ie
- **Forbairt Naíonraí Teoranta,** 7 Cearnróg Mhuirfean, Baile Átha Cliath 2. ਟੈਲੀਫ਼ੋਨ: (01) 6398442, ਈਮੇਲ: forbairtnaionrai@eircom.net
- **Gaelscoileanna Teo,** Halla Naomh Pádraig, Institiúid Oideachais, Marino Ascaill Uí Ghríofa, Baile Átha Cliath 9. **ਟੈਲੀਫ਼ੋਨ: (01) 8535195,** ਈਮੇਲ: oifig@gaelscoileanna.ie ਵੈਬਸਾਈਟ: www.gaelscoileanna.ie
- **ਹੈਲਥ ਸਰਵਿਸ ਐਗਜ਼ੀਕਿਊਟਿਵ ਵੈਸਟ, ਪ੍ਰੀ-ਸਕੂਲ ਜਾਂਚ ਅਤੇ ਜਾਣਕਾਰੀ ਸੇਵਾਵਾਂ,** (ਕਲ੍ਰੇਰ ਸਥਾਨਕ ਹੈਲਥ ਆਫ਼ਿਸ) River House, Gort Road, Ennis, Co.Clare. ਟੈਲੀਫ਼ੋਨ: (065) 6863902, **ਰਾਸ਼ਟਰੀ HSE ਜਾਣਕਾਰੀ ਲਾਈਨ** 1850 241850
- **Irish Steiner Kindergarten Association,** Cappaduff, Mountshannon, Co.Clare. ਟੈਲੀਫ਼ੋਨ: (061) 927944, ਈਮੇਲ: info@steinerireland.org ਵੈਬਸਾਈਟ: www.steiner.org
- **ਨੈਸ਼ਨਲ ਕਾਉਂਸਿਲ ਫ਼ਾਰ ਸਪੈਸ਼ਲ ਐਜੂਕੇਸ਼ਨ (ਵਿਸ਼ੇਸ਼ ਸਿੱਖਿਆ ਲਈ ਰਾਸ਼ਟਰੀ ਕੌਂਸਲ),** Mill Street, Meath. ਟੈਲੀਫ਼ੋਨ: (046) 948 6400, ਫ਼ੈਕਸ: (046) 948 6404, ਈਮੇਲ:info@ncse.ie ਵੈਬਸਾਈਠ: www.ncse.ie
- **ਨੈਸ਼ਨਲ ਡਿਸਏਬਿਲਿਟੀ ਅਥਾਰਿਟੀ (ਰਾਸ਼ਟਰੀ ਅਸਮਰਥਤਾ ਅਥਾਰਿਟੀ),** 25 Clyde Road, Dublin 4. ਟੈਲੀਫ਼ੋਨ: (01) 6080400, ਈਮੇਲ: nda@nda.ie
- **ਬੱਚਿਆਮ ਅਤੇ ਨੌਜਵਾਨਾਂ ਦੇ ਮਾਮਲਿਆਂ ਲਈ ਮਿਨਿਸਟਰ ਦਾ ਆਫ਼ਿਸ,** Hawkins House, Dublin 2. ਟੈਲੀਫ਼ੋਨ: (01) 6354000 ਵੈਬਸਾਈਟ: www.omc.gov.ie
- **ਸੈਂਟ ਨਿਕੋਲਸ ਮੋਨਟੈਸਰੀ ਸੋਸਾਇਟੀ ਆਫ਼ ਆਇਰਲੈਂਡ,** Kingston House, 64 Patrick Street, Dun Laoghaire, Co Dublin. ਟੈਲੀਫ਼ੋਨ: (01) 2805705, ਈਮੇਲ: info@montessoriireland.ie ਵੈਬਸਾਈਟ: www.montessoriireland.ie/

ਸਾਰੀਆਂ **ਕਾਉਂਟੀ/ਸਿਟੀ ਚਾਈਲਡਕੇਅਰ ਕਮੇਟੀਆਂ** ਦੀ ਪੂਰੀ ਸੂਚੀ ਲਈ www.omc.gov.ie 'ਤੇ ਜਾਓ ਜਾਂ 01 6354000 'ਤੇ ਫ਼ੋਨ ਕਰੋ।

ਇਹ ਕਿਤਾਬਚਾ ਕਲੇਅਰ ਕਾਉਂਟੀ ਚਾਈਲਡਕੇਅਰ ਕਮੇਟੀ ਦੁਆਰਾ ਤਿਆਰ ਕੀਤਾ ਗਿਆ ਸੀ।

ਇਸ ਕਿਤਾਬਚੇ ਦੇ ਡਿਜ਼ਾਈਨ ਅਤੇ ਪ੍ਰਕਾਸ਼ਨ ਲਈ ਫੰਡ FÁS ਦੁਆਰਾ ਦਿੱਤਾ ਗਿਆ ਹੈ।

Foras Áiseanna Saothair
Training & Employment Authority

Clare County Childcare Committee
Coiste Cúram Leanaí Contae an Chláir

Transforming Ireland

**ਆਇਰਲੈਂਡ ਦੀ ਸਰਕਾਰ ਦੁਆਰਾ ਫ਼ੰਡ ਦਿੱਤਾ ਗਿਆ**
**ਨੈਸ਼ਨਲ ਡਿਵੈਲਪਮੈਂਟ ਪਲਾਨ 2007-2013 ਦੇ ਤਹਿਤ**

NDP
National Development Plan 2007 - 2013

Office of the Minister for Children and Youth Affairs
Oifig an Aire Leanaí agus Gnóthaí Óige

pobal
government supporting communities

Hindi